Australian Government
Department of Home Affairs

# ਕਾਮਨਵੈਲਥ ਵਰਕਪਲੇਸ ਪ੍ਰੋਟੈਕਸ਼ਨ ਆਰਡਰ (Commonwealth Workplace Protection Orders)

## ਕਾਮਨਵੈਲਥ ਵਰਕਪਲੇਸ ਪ੍ਰੋਟੈਕਸ਼ਨ ਆਰਡਰ (WPO) ਦਾ ਸਰਵੇਖਣ

ਕਾਮਨਵੈਲਥ WPO ਇੱਕ ਸੁਰੱਖਿਆ ਆਰਡਰ ਹੁੰਦਾ ਹੈ ਜੋ ਕੋਈ ਕਾਮਨਵੈਲਥ ਸੰਸਥਾ (ਜਿਵੇਂ ਕਿ Services Australia ਜਾਂ Australian Taxation Office) ਕਿਸੇ ਵਿਅਕਤੀ ਜਾਂ ਜਵਾਬਦੇਹ ਵਿਅਕਤੀ ਦੇ ਖਿਲਾਫ ਲਾਗੂ ਕਰਨ ਲਈ ਅਰਜ਼ੀ ਦਿੰਦੀ ਹੈ। ਕਾਮਨਵੈਲਥ ਸੰਸਥਾ WPO ਲਈ ਅਰਜ਼ੀ ਉਦੋਂ ਦੇ ਸਕਦੀ ਹੈ ਜਦੋਂ ਕੋਈ ਵਿਅਕਤੀ ਕਾਮਨਵੈਲਥ ਦੇ ਕਰਮਚਾਰੀ ਜਾਂ ਵਰਕਪਲੇਸ ਨਾਲ ਹਿੰਸਕ ਜਾਂ ਹਮਲਾਵਰ ਵਰਤਾਰਾ ਕਰਦਾ ਹੈ।

ਕਾਮਨਵੈਲਥ ਸੰਸਥਾ ਕਾਮਨਵੈਲਥ ਵਰਕਪਲੇਸ ਜਾਂ ਕਰਮਚਾਰੀ ਨੂੰ ਭਵਿੱਖ ਵਿੱਚ ਹੋਣ ਵਾਲੇ ਨੁਕਸਾਨ ਤੋਂ ਬਚਾਉਣ ਲਈ WPO ਲਈ ਅਰਜ਼ੀ ਦੇ ਸਕਦੀ ਹੈ। ਫਿਰ ਅਦਾਲਤ ਇਹ ਫ਼ੈਸਲਾ ਕਰਦੀ ਹੈ ਕਿ ਜਵਾਬਦੇਹ ਵਿਅਕਤੀ ਦੇ ਖਿਲਾਫ WPO ਜਾਰੀ ਕਰਨਾ ਹੈ ਜਾਂ ਨਹੀਂ।

ਜਦੋਂ ਅਦਾਲਤ ਆਰਡਰ ਜਾਰੀ ਕਰਦੀ ਹੈ, ਤਾਂ ਇਸ ਵਿੱਚ ਕੁਝ ਖਾਸ ਸ਼ਰਤਾਂ ਹੁੰਦੀਆਂ ਹਨ ਜਿਨ੍ਹਾਂ ਦੀ ਪਾਲਣਾ ਜਵਾਬਦੇਹ ਵਿਅਕਤੀ (ਤੁਹਾਡੇ) ਵੱਲੋਂ ਕਰਨੀ ਲਾਜ਼ਮੀ ਹੁੰਦੀ ਹੈ। ਉਦਾਹਰਨ ਵਜੋਂ, ਤੁਸੀਂ ਕਿਸੇ ਖਾਸ ਜਗ੍ਹਾ ਵਿੱਚ ਦਾਖ਼ਲ ਨਹੀਂ ਹੋ ਸਕਦੇ ਜਾਂ ਕਿਸੇ ਖਾਸ ਵਿਅਕਤੀ ਨਾਲ ਸੰਪਰਕ ਨਹੀਂ ਕਰ ਸਕਦੇ।

### ਆਰਡਰਾਂ ਦੀਆਂ ਕਿਸਮਾਂ

ਕੁੱਲ 4 ਕਿਸਮ ਦੇ ਆਰਡਰ ਹੁੰਦੇ ਹਨ:

1. ਕਾਮਨਵੈਲਥ ਸੰਸਥਾ **ਅੰਤਿਮ** ਆਰਡਰ ਲਈ ਅਰਜ਼ੀ ਦੇ ਸਕਦੀ ਹੈ, ਜੋ ਕਿ ਅਦਾਲਤ ਵੱਲੋਂ ਦਿੱਤਾ ਗਿਆ ਅਖੀਰਲਾ ਆਰਡਰ ਹੁੰਦਾ ਹੈ।
2. ਜੇ ਅਦਾਲਤ ਅੰਤਿਮ ਆਰਡਰ ਦੇਣ ਬਾਰੇ ਫ਼ੈਸਲਾ ਕਰਨ ਤੋਂ ਪਹਿਲਾਂ ਸੁਰੱਖਿਆ ਦੀ ਲੋੜ ਹੋਵੇ, ਤਾਂ ਕਾਮਨਵੈਲਥ ਸੰਸਥਾ **ਅੰਤ੍ਰਿਮ** ਆਰਡਰ ਲਈ ਅਰਜ਼ੀ ਦੇ ਸਕਦੀ ਹੈ। ਇਹ ਇੱਕ ਅਸਥਾਈ ਆਰਡਰ ਹੁੰਦਾ ਹੈ ਜੋ ਇਸ ਦੌਰਾਨ ਲਾਗੂ ਰਹਿੰਦਾ ਹੈ।
3. ਤੁਰੰਤ ਹਾਲਾਤਾਂ ਵਿੱਚ, ਕਾਮਨਵੈਲਥ ਸੰਸਥਾ **ਅਤਿ-ਜ਼ਰੂਰੀ ਅੰਤ੍ਰਿਮ** ਆਰਡਰ ਲਈ ਅਰਜ਼ੀ ਦੇ ਸਕਦੀ ਹੈ। ਇਹ ਇੱਕ ਤੁਰੰਤ ਅਸਥਾਈ ਆਰਡਰ ਹੁੰਦਾ ਹੈ ਜੋ ਅੰਤਿਮ ਆਰਡਰ ਲਈ ਅਰਜ਼ੀ ਦੇਣ ਕਰਨ ਤੋਂ ਪਹਿਲਾਂ ਲਾਗੂ ਹੁੰਦਾ ਹੈ। ਹਾਲਾਂਕਿ, ਕਾਮਨਵੈਲਥ ਸੰਸਥਾ ਨੂੰ 7 ਦਿਨਾਂ ਦੇ ਅੰਦਰ ਅਦਾਲਤ ਵਿੱਚ ਅੰਤਿਮ ਆਰਡਰ ਲਈ ਅਰਜ਼ੀ ਦੇਣੀ ਲਾਜ਼ਮੀ ਹੁੰਦੀ ਹੈ।
4. ਜੇ ਜਵਾਬਦੇਹ ਵਿਅਕਤੀ ਅਤੇ ਕਾਮਨਵੈਲਥ ਸੰਸਥਾ ਦੋਵੇਂ ਸਹਿਮਤ ਹੋਣ, ਤਾਂ ਅਦਾਲਤ **ਸਹਿਮਤੀ** ਆਰਡਰ ਜਾਰੀ ਕਰ ਸਕਦੀ ਹੈ। ਇਹ ਅੰਤਿਮ ਆਰਡਰ ਦੀ ਇੱਕ ਕਿਸਮ ਹੁੰਦੀ ਹੈ ਜਿਸ ਵਿੱਚ ਦੋਵੇਂ ਧਿਰਾਂ ਸ਼ਰਤਾਂ ਨਾਲ ਸਹਿਮਤ ਹੁੰਦੀਆਂ ਹਨ।


OFFICIAL

## WPO ਦੀ ਪ੍ਰਕਿਰਿਆ

ਕਾਮਨਵੈਲਥ ਸੰਸਥਾ ਅਦਾਲਤ ਵਿੱਚ ਆਰਡਰ ਲਈ ਅਰਜ਼ੀ ਦਿੰਦੀ ਹੈ। ਆਰਡਰ ਦੀ ਕਿਸਮ ਦੇ ਅਨੁਸਾਰ, ਕਾਮਨਵੈਲਥ ਸੰਸਥਾ ਤੁਹਾਨੂੰ (ਹੱਥੀਂ ਦੇ ਕੇ) ਅਰਜ਼ੀ ਦੀ ਇੱਕ ਨਕਲ ਦੇਵੇਗੀ। ਤੁਹਾਨੂੰ ਆਰਡਰ ਦੀਆਂ ਸ਼ਰਤਾਂ ਦੀ ਪਾਲਣਾ ਉਦੋਂ ਹੀ ਕਰਨੀ ਲੋੜੀਂਦੀ ਹੈ ਜਦੋਂ ਅਦਾਲਤ ਆਰਡਰ ਜਾਰੀ ਕਰ ਦੇਵੇ।

ਕੁਝ ਹਾਲਾਤਾਂ ਵਿੱਚ, ਅਦਾਲਤ ਤੁਹਾਡੀ ਗੈਰਹਾਜ਼ਰੀ ਵਿੱਚ ਵੀ ਆਰਡਰ ਜਾਰੀ ਕਰ ਸਕਦੀ ਹੈ। ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਜਦੋਂ ਅਦਾਲਤ ਇਹ ਫ਼ੈਸਲਾ ਕਰ ਰਹੀ ਹੋਵੇ ਕਿ ਆਰਡਰ ਜਾਰੀ ਕਰਨਾ ਹੈ ਜਾਂ ਨਹੀਂ, ਉਦੋਂ ਤੁਸੀਂ ਜਾਂ ਤੁਹਾਡਾ ਕਾਨੂੰਨੀ ਪ੍ਰਤੀਨਿਧੀ ਹਾਜ਼ਰ ਰਹੋ।

## ਅਦਾਲਤ ਵੱਲੋਂ ਆਰਡਰ ਜਾਰੀ ਕਰਨ ਤੋਂ ਬਾਅਦ

ਜਦੋਂ ਅਦਾਲਤ ਆਰਡਰ ਜਾਰੀ ਕਰਦੀ ਹੈ ਜਾਂ ਤੁਹਾਨੂੰ ਆਰਡਰ ਦੀ ਨਕਲ ਦਿੱਤੀ ਜਾਂਦੀ ਹੈ, ਤਾਂ ਤੁਹਾਨੂੰ ਇਸਨੂੰ ਧਿਆਨ ਨਾਲ ਪੜ੍ਹਣਾ ਚਾਹੀਦਾ ਹੈ।

**ਤੁਹਾਨੂੰ ਆਰਡਰ ਦੀਆਂ ਸਾਰੀਆਂ ਸ਼ਰਤਾਂ ਦੀ ਪਾਲਣਾ ਉਸ ਸਮੇਂ ਤੱਕ ਕਰਨੀ ਲਾਜ਼ਮੀ ਹੈ ਜਦੋਂ ਤੱਕ ਆਰਡਰ ਖ਼ਤਮ ਨਹੀਂ ਹੁੰਦਾ। ਅਦਾਲਤ ਆਰਡਰ ਵਿੱਚ ਖ਼ਤਮ ਹੋਣ ਦੀ ਮਿਤੀ ਦਰਜ ਕਰੇਗੀ। ਜੇ ਤੁਸੀਂ ਇਹ ਨਹੀਂ ਕਰਦੇ, ਤਾਂ ਇਹ ਇੱਕ ਫੌਜਦਾਰੀ ਜੁਰਮ ਹੋ ਸਕਦਾ ਹੈ। ਤੁਹਾਨੂੰ ਵੱਧ ਤੋਂ ਵੱਧ 2 ਸਾਲ ਦੀ ਕੈਦ, 120 ਪੈਨਲਟੀ ਯੂਨਿਟ (ਲਗਭਗ $40,000) ਤੱਕ ਜੁਰਮਾਨਾ, ਜਾਂ ਦੋਵੇਂ ਸਜ਼ਾਵਾਂ ਹੋ ਸਕਦੀਆਂ ਹਨ।**[1]

ਹਰ ਰਾਜ ਅਤੇ ਕੇਂਦਰੀ ਪ੍ਰਦੇਸ਼ ਦੀ ਪੁਲਿਸ ਨੂੰ ਆਰਡਰ ਦੀ ਇੱਕ ਨਕਲ ਮਿਲੇਗੀ। ਜੇ ਤੁਹਾਡੇ ਕੋਲ ਕੋਈ ਹਥਿਆਰ ਹੈ ਅਤੇ ਅਦਾਲਤ ਤੁਹਾਡੇ ਖਿਲਾਫ ਆਰਡਰ ਜਾਰੀ ਕਰਦੀ ਹੈ, ਤਾਂ ਇਸ ਦਾ ਤੁਹਾਡੇ ਲਾਇਸੈਂਸ ਜਾਂ ਹਥਿਆਰ ਰੱਖਣ ਦੀ ਯੋਗਤਾ 'ਤੇ ਅਸਰ ਪੈ ਸਕਦਾ ਹੈ।

## ਆਰਡਰ ਦੀ ਮਿਆਦ

ਆਰਡਰ ਦੀ ਮਿਆਦ ਉਸਦੀ ਕਿਸਮ ਉੱਤੇ ਨਿਰਭਰ ਕਰਦੀ ਹੈ। ਅੰਤਿਮ ਆਰਡਰ ਜਾਂ ਸਹਿਮਤੀ ਆਰਡਰ ਵੱਧ ਤੋਂ ਵੱਧ 2 ਸਾਲ ਤੱਕ ਚੱਲ ਸਕਦਾ ਹੈ।ਅੰਤ੍ਰਿਮ ਆਰਡਰ ਜਾਂ ਅਤਿ-ਜ਼ਰੂਰੀ ਅੰਤ੍ਰਿਮ ਆਰਡਰ ਵੱਧ ਤੋਂ ਵੱਧ 12 ਮਹੀਨੇ ਤੱਕ ਚੱਲ ਸਕਦਾ ਹੈ। ਹਾਲਾਂਕਿ, ਜੇ ਕਾਮਨਵੈਲਥ ਸੰਸਥਾ 7 ਦਿਨਾਂ ਦੇ ਅੰਦਰ ਅੰਤਿਮ ਆਰਡਰ ਲਈ ਅਰਜ਼ੀ ਨਹੀਂ ਦਿੰਦੀ, ਤਾਂ ਅਤਿ-ਜ਼ਰੂਰੀ ਅੰਤ੍ਰਿਮ ਆਰਡਰ ਸਿਰਫ਼ 7 ਦਿਨਾਂ ਲਈ ਹੀ ਲਾਗੂ ਰਹੇਗਾ।

## ਫੌਜਦਾਰੀ ਦਰਜਾ

ਕਾਮਨਵੈਲਥ WPO ਇੱਕ ਸਿਵਲ ਆਰਡਰ ਹੁੰਦਾ ਹੈ। ਇਸ ਨਾਲ ਤੁਹਾਡਾ ਅਪਰਾਧਿਕ ਰਿਕਾਰਡ ਨਹੀਂ ਬਣਦਾ। ਹਾਲਾਂਕਿ, ਜੇ ਤੁਸੀਂ ਆਰਡਰ ਦੀਆਂ ਸ਼ਰਤਾਂ ਦੀ ਪਾਲਣਾ ਨਹੀਂ ਕਰਦੇ, ਤਾਂ ਇਹ ਇੱਕ ਫੌਜਦਾਰੀ ਜੁਰਮ ਹੋ ਸਕਦਾ ਹੈ। ਤੁਹਾਨੂੰ ਵੱਧ ਤੋਂ ਵੱਧ 120 ਪੈਨਲਟੀ ਯੂਨਿਟ (ਲਗਭਗ $40,000) ਤੱਕ ਜੁਰਮਾਨਾ, ਜਾਂ 2 ਸਾਲ ਦੀ ਕੈਦ, ਜਾਂ ਦੋਵੇਂ ਸਜ਼ਾਵਾਂ ਹੋ ਸਕਦੀਆਂ ਹਨ। ਪੁਲਿਸ ਇਸ ਉਲੰਘਣਾ ਦੀ ਜਾਂਚ ਕਰ ਸਕਦੀ ਹੈ ਅਤੇ ਤੁਹਾਡੇ ਖਿਲਾਫ ਮਾਮਲਾ ਦਰਜ ਕਰ ਸਕਦੀ ਹੈ।

ਜੇ ਤੁਸੀਂ ਆਰਡਰ ਦੀ ਉਲੰਘਣਾ ਲਈ ਦੋਸ਼ੀ ਪਾਏ ਜਾਂਦੇ ਹੋ, ਤਾਂ ਇਹ ਸੰਭਾਵਨਾ ਹੈ ਕਿ ਇਹ ਤੁਹਾਡੇ ਅਪਰਾਧਿਕ ਰਿਕਾਰਡ ਵਿੱਚ ਦਰਜ ਹੋਵੇਗਾ।

---

[1] 1 ਪੈਨਲਟੀ ਯੂਨਿਟਾਂ ਨੂੰ ਸਮਝਣ ਅਤੇ ਗਿਣਤੀ ਕਰਨ ਲਈ Australian Taxation Office ਦੀ ਵੈਬਸਾਈਟ 'ਤੇ ਜਾਓ।

## ਜਦੋਂ ਤੁਹਾਡੇ ਖਿਲਾਫ ਪਹਿਲਾਂ ਹੀ ਕੋਈ ਹੋਰ ਸੁਰੱਖਿਆ ਆਰਡਰ ਹੋਵੇ

ਕਾਮਨਵੈਲਥ WPO ਨੂੰ ਕਿਸੇ ਹੋਰ ਕਿਸਮ ਦੇ ਸੁਰੱਖਿਆ ਆਰਡਰ ਨਾਲ ਟਕਰਾਅ ਨਹੀਂ ਕਰਨਾ ਚਾਹੀਦਾ, ਉਦਾਹਰਨ ਵਜੋਂ ਘਰੇਲੂ ਹਿੰਸਾ (ਡੋਮੈਸਟਿਕ ਵਾਇਲੈਂਸ) ਆਰਡਰ। ਜੇ ਤੁਹਾਨੂੰ ਲੱਗਦਾ ਹੈ ਕਿ ਇਹ ਟਕਰਾਅ ਕਰਦਾ ਹੈ, ਤਾਂ ਤੁਹਾਨੂੰ ਜਿੰਨਾ ਜਲਦੀ ਹੋ ਸਕੇ ਸੰਬੰਧਿਤ ਅਦਾਲਤ ਨਾਲ ਸੰਪਰਕ ਕਰਨਾ ਚਾਹੀਦਾ ਹੈ। ਅਸੀਂ ਇਹ ਵੀ ਸਿਫਾਰਸ਼ ਕਰਦੇ ਹਾਂ ਕਿ ਤੁਸੀਂ ਕਾਨੂੰਨੀ ਸਲਾਹ ਲਵੋ।

## ਜੇ ਤੁਸੀਂ ਸਹਿਮਤ ਹੋ ਕਿ ਤੁਹਾਡੇ ਖਿਲਾਫ ਆਰਡਰ ਜਾਰੀ ਕੀਤਾ ਜਾਣਾ ਚਾਹੀਦਾ ਹੈ

ਜਦੋਂ ਤੁਹਾਨੂੰ ਆਰਡਰ ਲਈ ਅਰਜ਼ੀ ਦੀ ਨਕਲ ਮਿਲਦੀ ਹੈ, ਤਾਂ ਤੁਸੀਂ ਇਸ ਗੱਲ ਨਾਲ ਸਹਿਮਤ ਹੋ ਸਕਦੇ ਹੋ ਕਿ ਤੁਹਾਡੇ ਖਿਲਾਫ ਆਰਡਰ ਜਾਰੀ ਕੀਤਾ ਜਾਣਾ ਚਾਹੀਦਾ ਹੈ। ਇਸ ਸਥਿਤੀ ਵਿੱਚ, ਤੁਸੀਂ **ਸਹਿਮਤੀ** ਆਰਡਰ ਬਾਰੇ ਵਿਚਾਰ ਕਰ ਸਕਦੇ ਹੋ।

ਤੁਹਾਨੂੰ ਇਹ ਵਿਕਲਪ ਉਦੋਂ ਹੀ ਸੋਚਣਾ ਚਾਹੀਦਾ ਹੈ ਜਦੋਂ ਤੁਸੀਂ ਆਰਡਰ ਅਤੇ ਇਸ ਦੀਆਂ ਸ਼ਰਤਾਂ ਨੂੰ ਪੂਰੀ ਤਰ੍ਹਾਂ ਸਮਝਦੇ ਹੋ। ਤੁਹਾਨੂੰ ਉਸ ਕਾਮਨਵੈਲਥ ਸੰਸਥਾ ਨਾਲ ਸੰਪਰਕ ਕਰਨਾ ਚਾਹੀਦਾ ਹੈ ਜਿਸਨੇ ਤੁਹਾਡੇ ਖਿਲਾਫ ਆਰਡਰ ਲਈ ਅਰਜ਼ੀ ਦਿੱਤੀ ਹੈ, ਜਾਂ ਉਸਦੇ ਪ੍ਰਤੀਨਿਧੀ ਨਾਲ, ਤਾਂ ਜੋ ਇਸ ਵਿਕਲਪ ਬਾਰੇ ਚਰਚਾ ਕੀਤੀ ਜਾ ਸਕੇ। ਅਸੀਂ ਸਿਫਾਰਸ਼ ਕਰਦੇ ਹਾਂ ਕਿ ਤੁਸੀਂ ਕਾਨੂੰਨੀ ਸਲਾਹ ਲਵੋ। ਕਾਮਨਵੈਲਥ ਸੰਸਥਾ ਦੇ ਵੇਰਵੇ ਅਰਜ਼ੀ ਵਿੱਚ ਦਿੱਤੇ ਹੋਣਗੇ।

## ਜੇ ਤੁਸੀਂ ਸਹਿਮਤ ਨਹੀਂ ਹੋ ਕਿ ਤੁਹਾਡੇ ਖਿਲਾਫ ਆਰਡਰ ਜਾਰੀ ਕੀਤਾ ਜਾਣਾ ਚਾਹੀਦਾ ਹੈ

ਜਦੋਂ ਤੁਹਾਨੂੰ ਆਰਡਰ ਲਈ ਅਰਜ਼ੀ ਦੀ ਨਕਲ ਮਿਲਦੀ ਹੈ ਅਤੇ ਤੁਸੀਂ ਇਸ ਨਾਲ ਸਹਿਮਤ ਨਹੀਂ ਹੋ, ਤਾਂ ਤੁਹਾਨੂੰ ਕਾਨੂੰਨੀ ਸਲਾਹ ਲੈਣ ਬਾਰੇ ਸੋਚਣਾ ਚਾਹੀਦਾ ਹੈ।

## ਜੇ ਤੁਸੀਂ ਜਾਰੀ ਕੀਤੇ ਗਏ ਆਰਡਰ ਨਾਲ ਸਹਿਮਤ ਨਹੀਂ ਹੋ

ਜੇ ਅਦਾਲਤ **ਅੰਤਿਮ ਆਰਡਰ** ਜਾਰੀ ਕਰਦੀ ਹੈ ਅਤੇ ਤੁਸੀਂ ਇਸ ਨਾਲ ਸਹਿਮਤ ਨਹੀਂ ਹੋ ਜਾਂ ਤੁਹਾਨੂੰ ਲੱਗਦਾ ਹੈ ਕਿ ਅਦਾਲਤ ਤੋਂ ਗਲਤੀ ਹੋਈ ਹੈ, ਤਾਂ ਤੁਸੀਂ ਆਰਡਰ ਦੇ ਖਿਲਾਫ ਅਪੀਲ ਕਰ ਸਕਦੇ ਹੋ।

ਤੁਸੀਂ ਅਤੇ ਉਹ ਕਾਮਨਵੈਲਥ ਸੰਸਥਾ ਜਿਸਨੇ ਆਰਡਰ ਲਈ ਅਰਜ਼ੀ ਦਿੱਤੀ ਸੀ, ਦੋਵੇਂ ਉੱਚ ਅਦਾਲਤ ਵਿੱਚ ਅਰਜ਼ੀ ਦੇ ਸਕਦੇ ਹੋ, ਉਦਾਹਰਨ ਵਜੋਂ ਆਰਡਰ ਨੂੰ ਰੱਦ ਕਰਨ ਜਾਂ ਬਦਲਣ ਲਈ।

ਜੇ ਤੁਹਾਡੇ ਹਾਲਾਤ ਬਦਲ ਜਾਂਦੇ ਹਨ, ਤਾਂ ਤੁਸੀਂ ਆਰਡਰ ਨੂੰ **ਬਦਲਣ (vary)** ਜਾਂ **ਰੱਦ ਕਰਨ (revoke)** ਲਈ ਵੀ ਅਰਜ਼ੀ ਦੇ ਸਕਦੇ ਹੋ।

**ਜੇ ਤੁਸੀਂ ਆਰਡਰ ਨੂੰ ਬਦਲਣਾ, ਰੱਦ ਕਰਨਾ ਜਾਂ ਅਪੀਲ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਅਦਾਲਤ ਵਿੱਚ ਅਰਜ਼ੀ ਦੇਣੀ ਪਵੇਗੀ। ਅਸੀਂ ਸਿਫਾਰਸ਼ ਕਰਦੇ ਹਾਂ ਕਿ ਇਸ ਤੋਂ ਪਹਿਲਾਂ ਤੁਸੀਂ ਕਾਨੂੰਨੀ ਮਦਦ ਜਾਂ ਸਲਾਹ ਲਵੋ।**

## ਜੇ ਤੁਹਾਨੂੰ ਸਮਝ ਨਹੀਂ ਆਉਂਦਾ ਕਿ ਕੀ ਕਰਨਾ ਹੈ

ਜੇ ਤੁਹਾਨੂੰ ਆਪਣੇ ਖਿਲਾਫ ਅਰਜ਼ੀ ਜਾਂ ਆਰਡਰ ਬਾਰੇ ਕੋਈ ਸਵਾਲ ਹਨ ਜਾਂ ਤੁਹਾਨੂੰ ਮਿਲੇ ਦਸਤਾਵੇਜ਼ ਸਮਝ ਨਹੀਂ ਆਉਂਦੇ, ਤਾਂ ਤੁਹਾਨੂੰ ਮਦਦ ਲੈਣੀ ਚਾਹੀਦੀ ਹੈ। ਤੁਸੀਂ ਕਾਨੂੰਨੀ ਸਲਾਹ ਵੀ ਲੈ ਸਕਦੇ ਹੋ।

ਜੇ ਤੁਸੀਂ 18 ਸਾਲ ਤੋਂ ਘੱਟ ਉਮਰ ਦੇ ਹੋ, ਤਾਂ ਆਪਣੇ ਮਾਤਾ-ਪਿਤਾ, ਕਾਨੂੰਨੀ ਸਰਪ੍ਰਸਤ ਜਾਂ ਕਿਸੇ ਭਰੋਸੇਯੋਗ ਬਾਲਗ਼ ਨਾਲ ਗੱਲ ਕਰੋ।

ਜੇ ਤੁਸੀਂ ਕਿਸੇ ਅਪਾਹਜਤਾ ਨਾਲ ਜੀਅ ਰਹੇ ਹੋ, ਤਾਂ ਅਸੀਂ ਸਿਫਾਰਸ਼ ਕਰਦੇ ਹਾਂ ਕਿ ਤੁਸੀਂ ਕਿਸੇ ਭਰੋਸੇਯੋਗ ਵਿਅਕਤੀ ਨਾਲ ਗੱਲ ਕਰੋ ਜਾਂ ਕਾਨੂੰਨੀ ਮਦਦ ਲਵੋ। ਜੇ ਤੁਹਾਡੇ ਕੋਲ ਕਾਨੂੰਨੀ ਸਰਪ੍ਰਸਤ ਹੈ, ਤਾਂ ਉਸ ਨਾਲ ਸੰਪਰਕ ਕਰੋ।

## ਤ◌ੁਹਾਡੇ ਅਧਿਕਾਰ

ਇਹ ਆਰਡਰ ਤੁਹਾਨੂੰ ਸਰਕਾਰੀ ਫਾਇਦੇ ਅਤੇ ਸੇਵਾਵਾਂ ਪ੍ਰਾਪਤ ਕਰਨ ਤੋਂ ਜਾਂ ਰਾਜਨੀਤਿਕ ਸੰਪਰਕ ਕਰਨ ਤੋਂ (ਜਿਵੇਂ ਆਪਣੇ ਸਥਾਨਕ ਸੰਸਦ ਮੈਂਬਰ ਨਾਲ ਸੰਪਰਕ ਕਰਨਾ) ਨਹੀਂ ਰੋਕ ਸਕਦਾ। ਹਾਲਾਂਕਿ, ਆਰਡਰ ਕਾਰਨ ਇਹ ਕੰਮ ਕਰਨ ਦਾ ਤਰੀਕਾ ਬਦਲ ਸਕਦਾ ਹੈ। ਇਸ ਬਾਰੇ ਹੋਰ ਜਾਣਕਾਰੀ ਅਰਜ਼ੀ ਜਾਂ ਆਰਡਰ ਵਿੱਚ ਦਿੱਤੀ ਹੋਵੇਗੀ।

ਜੇ ਤੁਹਾਨੂੰ ਲੱਗਦਾ ਹੈ ਕਿ ਆਰਡਰ ਤੁਹਾਨੂੰ ਇਹ ਕੰਮ ਕਰਨ ਤੋਂ ਰੋਕ ਰਿਹਾ ਹੈ, ਤਾਂ ਤੁਹਾਨੂੰ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ।

## ਕਾਨੂੰਨੀ ਮਦਦ ਜਾਂ ਸਲਾਹ ਪ੍ਰਾਪਤ ਕਰਨਾ

ਤੁਹਾਨੂੰ ਮੁਫ਼ਤ ਜਾਂ ਛੋਟ ਵਾਲੀ ਕਾਨੂੰਨੀ ਮਦਦ ਮਿਲ ਸਕਦੀ ਹੈ। ਇਹ ਤੁਹਾਡੇ ਰਾਜ ਜਾਂ ਕੇਂਦਰੀ ਪ੍ਰਦੇਸ਼ ਅਤੇ ਤੁਹਾਡੀਆਂ ਨਿੱਜੀ ਹਾਲਾਤਾਂ ਉੱਤੇ ਨਿਰਭਰ ਕਰੇਗੀ। ਨਹੀਂ ਤਾਂ, ਤੁਸੀਂ ਕਿਸੇ ਪ੍ਰਾਈਵੇਟ ਵਕੀਲ ਨਾਲ ਸੰਪਰਕ ਕਰ ਸਕਦੇ ਹੋ।

---

## ਹੋਰ ਜਾਣਕਾਰੀ

ਕਾਮਨਵੈਲਥ ਵਰਕਪਲੇਸ ਪ੍ਰੋਟੈਕਸ਼ਨ ਆਰਡਰ (WPO) ਸਕੀਮ ਬਾਰੇ ਹੋਰ ਜਾਣਕਾਰੀ ਇੱਥੇ ਜਾਂ Department of Home Affairs ਦੀ ਵੈਬਸਾਈਟ 'ਤੇ ਪ੍ਰਾਪਤ ਕੀਤੀ ਜਾ ਸਕਦੀ ਹੈ: www.homeaffairs.gov.au/about-us/our-portfolios/criminal-justice/commonwealth-workplace-protection-orders-scheme